**15ਵੀਂ ਵਿਧਾਨ ਸਭਾ**
**ਅੱਠਵਾਂ ਸਮਾਗਮ**

**ਪੰਜਾਬ ਵਿਧਾਨ ਸਭਾ**
**ਬੁਲੇਟਿਨ ਨੰ: 1**

**ਸ਼ੁੱਕਰਵਾਰ,** 02 ਅਗਸਤ, 2019

**(2.00 ਵਜੇ ਬਾਅਦ ਦੁਪਹਿਰ ਤੋਂ 02.14 ਵਜੇ ਬਾਅਦ ਦੁਪਹਿਰ ਤੱਕ)**

**ਅਕਾਲ ਚਲਾਣਿਆਂ ਦਾ ਵਰਣਨ:**

ਮਾਨਯੋਗ ਸਪੀਕਰ ਨੇ ਨਿਮਨਲਿਖਤ ਦੇ ਅਕਾਲ ਚਲਾਣਿਆਂ ਦਾ ਵਰਣਨ ਕੀਤਾ :-

1. ਸ਼੍ਰੀਮਤੀ ਸ਼ੀਲਾ ਦੀਕਸ਼ਤ, ਸਾਬਕਾ ਮੁੱਖ ਮੰਤਰੀ, ਦਿੱਲੀ;
2. ਸ਼੍ਰੀ ਵਰਿੰਦਰ ਕਟਾਰੀਆ, ਸਾਬਕਾ ਮੈਂਬਰ ਰਾਜ ਸਭਾ;
3. ਸਰਦਾਰ ਕਿੱਕਰ ਸਿੰਘ, ਸਾਬਕਾ ਮੈਂਬਰ ਪਾਰਲੀਮੈਂਟ;
4. ਸਰਦਾਰ ਹਮੀਰ ਸਿੰਘ ਘੱਗਾ, ਸਾਬਕਾ ਮੰਤਰੀ, ਪੰਜਾਬ;
5. ਚੌਧਰੀ ਨੰਦ ਲਾਲ, ਸਾਬਕਾ ਸੀ.ਪੀ.ਐਸ ਅਤੇ ਸਾਬਕਾ ਐਮ.ਐਲ.ਏ;
6. ਸ਼੍ਰੀਮਤੀ ਸਨੇਹ ਲਤਾ, ਸਾਬਕਾ ਐਮ.ਐਲ.ਸੀ;
7. ਕਾਮਰੇਡ ਬਲਵੰਤ ਸਿੰਘ, ਸਾਬਕਾ ਐਮ.ਐਲ.ਏ;
8. ਸਰਦਾਰ ਪਰਮਜੀਤ ਸਿੰਘ, ਸਾਬਕਾ ਐਮ.ਐਲ.ਏ;
9. ਸਰਦਾਰ ਕਰਨੈਲ ਸਿੰਘ ਡੋਡ, ਸਾਬਕਾ ਐਮ.ਐਲ.ਏ;
10. ਸ਼੍ਰੀ ਗੁਰਮੇਜ ਸਿੰਘ, ਆਜ਼ਾਦੀ ਘੁਲਾਟੀਆ;
11. ਸ਼੍ਰੀ ਕੁਲਵੰਤ ਸਿੰਘ, ਆਜ਼ਾਦੀ ਘੁਲਾਟੀਆ;
12. ਸ਼੍ਰੀ ਈਸ਼ਰ ਸਿੰਘ, ਆਜ਼ਾਦੀ ਘੁਲਾਟੀਆ;
13. ਸ਼੍ਰੀ ਉਜਾਗਰ ਸਿੰਘ, ਆਜ਼ਾਦੀ ਘੁਲਾਟੀਆ;
14. ਸ਼੍ਰੀ ਜੰਗੀਰ ਸਿੰਘ, ਆਜ਼ਾਦੀ ਘੁਲਾਟੀਆ;
15. ਸ਼੍ਰੀ ਸੰਤਾ ਸਿੰਘ, ਆਜ਼ਾਦੀ ਘੁਲਾਟੀਆ; ਅਤੇ
16. ਜਥੇਦਾਰ ਲਖਵੀਰ ਸਿੰਘ।

ਮਾਨਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਅਤੇ ਇਨ੍ਹਾਂ ਸ਼ਖਸੀਅਤਾਂ ਤੋਂ ਇਲਾਵਾ ਮਾਨਯੋਗ ਸਪੀਕਰ ਵਲੋਂ ਸੰਤ ਬਾਬਾ ਲਾਭ ਸਿੰਘ ਜੀ ਜਿਨ੍ਹਾਂ ਨੂੰ 'ਪੂਲਾਂ ਵਾਲੇ ਬਾਬੇ' ਵਜੋਂ ਜਾਣਿਆ ਜਾਂਦਾ ਸੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਤੋਂ ਇਲਾਵਾ ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਐਮ.ਐਲ.ਏ, ਸ਼੍ਰੀ ਅਮਨ ਅਰੋੜਾ, ਐਮ.ਐਲ.ਏ ਤੇ ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ ਵਲੋਂ ਸੁਨਾਮ ਦੇ ਦੋ ਸਾਲ ਦੇ ਬੱਚੇ ਫਤਿਹਵੀਰ ਸਿੰਘ ਜਿਸ ਦੀ ਮੌਤ ਬੋਰਵੈਲ ਵਿੱਚ ਡਿਗਣ ਕਾਰਨ ਹੋਈ, ਦਾ ਨਾਂ ਵੀ ਅੱਜ ਦੇ ਸ਼ੋਕ ਪ੍ਰਸਤਾਵਾਂ ਵਾਲੀ ਸੂਚੀ ਵਿੱਚ ਸ਼ਾਮਲ ਕਰਨ ਲਈ ਕਹੇ ਜਾਣ ਤੇ ਮਾਨਯੋਗ ਸਪੀਕਰ ਵੱਲੋਂ ਉਸ ਦੇ ਨਾਂ ਨੂੰ ਵੀ ਸ਼ਰਧਾਂਜਲੀਆਂ ਵਾਲੀ ਸੂਚੀ ਵਿੱਚ ਸ਼ਾਮਲ ਕਰ ਲਿਆ ਗਿਆ।

ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਵਿਛੜੀਆਂ ਸ਼ਖਸੀਅਤਾਂ ਦੇ ਦੁਖੀ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਮੋਨ ਧਾਰਨ ਕੀਤਾ।

ਇਸ ਉਪਰੰਤ ਸਦਨ ਬਿਨਾਂ ਕੋਈ ਹੋਰ ਕੰਮ-ਕਾਰ ਕੀਤਿਆਂ ਸੋਮਵਾਰ ਮਿਤੀ 05 ਅਗਸਤ, 2019 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

**ਚੰਡੀਗੜ:**
**02 ਅਗਸਤ, 2019**

**ਸ਼ਸ਼ੀ ਲਖਨਪਾਲ ਮਿਸ਼ਰਾ,**
**ਸਕੱਤਰ ।**